ਗੁਰੂ ਨਾਨਕ - ਸਬਦ ੧੮

ਪੰਚ ਪਰਵਾਣ ਪੰਚ ਪਰਧਾਨੁ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੩

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥
ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਸਾਰ: ਸ੍ਰਿਸ਼ਟੀ ਵਿੱਚ ਪੰਜ ਮੂਲ ਤੱਤ ਸ਼ਾਮਲ ਹਨ - ਧਰਤੀ, ਪਾਣੀ, ਅੱਗ, ਹਵਾ ਅਤੇ ਪੁਲਾੜ; ਜੋ ਪਦਾਰਥਕ ਸੰਸਾਰ ਦੀ ਸਿਰਜਣਾ ਕਰਦੇ ਹਨ। ਰਚਨਾ ਪੰਜ ਕੱਜਣਾਂ ਰਾਹੀਂ ਹੋਂਦ ਦਾ ਅਨੁਭਵ ਕਰਦੀ ਹੈ: ਭੌਤਿਕ ਰੂਪ ਦਾ ਕੱਜਣ, ਜੀਵਨ ਸ਼ਕਤੀ ਊਰਜਾ ਦਾ ਕੱਜਣ, ਸਰੀਰਕ ਵਿਵਹਾਰ ਦਾ ਕੱਜਣ, ਬੁੱਧੀ ਦਾ ਕੱਜਣ, ਅਤੇ ਵਿਸਮਾਦ ਦਾ ਕੱਜਣ । ਇਹਨਾਂ ਸਾਰੇ ਪਹਿਲੂਆਂ ਨੂੰ ਸਮਝਣਾ ਜਾਗਰੂਕਤਾ ਦੇ ਬੁਨਿਆਦੀ ਪਹਿਲੂ ਤੋਂ ਸਰਵੋਤਮ ਪਹਿਲੂ ਤੱਕ ਪਹੁੰਚਣਾ ਸੰਭਵ ਬਣਾਉਂਦਾ ਹੈ। ਜਿਸ ਨਾਲ ਸੋਝੀ ਹੁੰਦੀ ਹੈ ਕਿ ਸਮੁੱਚੀ ਰਚਨਾ ਇੱਕ ਇਕਾਈ ਦੀ ਉਪਜ ਹੈ।

ਪੰਚ ਪਰਵਾਣ ਪੰਚ ਪਰਧਾਨੁ ॥

ਪੰਜ ਤੱਤਾਂ ਨੂੰ ਭੌਤਿਕ ਰੂਪ ਦੇ ਮੂਲ ਸਰੋਤਾਂ ਵਜੋਂ ਸਵੀਕਾਰ ਕੀਤਾ ਗਿਆ ਹੈ; ਪਰ, ਉਹ ਰੂਪ ਜੋ ਏਕਤਾ ਦਾ ਮੁਜਸਮਾ ਹਨ ਉਹਨਾਂ ਨੂੰ ਸਰਵਉੱਚਤਾ ਵਜੋਂ ਪ੍ਰਵਾਨਿਤ ਕੀਤਾ ਜਾ ਸਕਦਾ ਹੈ।

ਪੰਚੇ ਪਾਵਹਿ ਦਰਗਹਿ ਮਾਨੁ ॥

ਪੰਜ ਤੱਤਾਂ ਦੇ ਮਿਸ਼ਰਣ ਦਾ ਭੌਤਿਕ ਰੂਪ, ਜੋ ਏਕਤਾ ਦਾ ਅਭਿਆਸ ਕਰਦਾ ਹੈ, ਦੈਵੀ ਨਿਵਾਸ ਦੇ ਤੌਰ ਤੇ ਸਤਿਕਾਰ ਦੇ ਯੋਗ ਹੈ।

ਪੰਚੇ ਸੋਹਹਿ ਦਰਿ ਰਾਜਾਨੁ ॥

ਪੰਜ ਤੱਤਾਂ ਦਾ ਸੰਯੁਕਤ, ਭੌਤਿਕ ਰੂਪ, ਜਿਹੜਾ ਪੰਜ ਕੱਜਣਾਂ ਨੂੰ ਸੰਚਾਲਿਤ ਕਰਨ ਦੇ ਯੋਗ ਹੈ, ਉਹ ਇਕ ਗੁਣਵਾਨ ਹਸਤੀ ਹੈ ਜੋ ਸਰਵਉਚ ਪਦ ਦੀ ਪਾਤਰ ਹੈ।

ਪੰਚਾ ਕਾ ਗੁਰੁ ਏਕੁ ਧਿਆਨੁ ॥

ਇੱਕਤਾ ਤੇ ਚਿੰਤਨ ਪੰਜ ਕੱਜਣਾਂ ਦੀ ਮਾਰਗ ਦਰਸ਼ਕ ਸ਼ਕਤੀ ਹੈ ਜੋ ਮਨੁੱਖੀ ਹੋਂਦ ਲਈ ਦਵੈਤ ਦੇ ਹਨੇਰੇ ਤੋਂ ਏਕਤਾ ਦੇ ਪ੍ਰਕਾਸ਼ ਵੱਲ ਪਰਿਵਰਤਨ ਹੁੰਦੀ ਹੈ।

ਜੇ ਕੋ ਕਹੈ ਕਰੈ ਵੀਚਾਰੁ ॥

ਜੇ ਕੋਈ ਬਿਆਨ ਕਰਨ ਦੀ ਕੋਸ਼ਿਸ਼ ਕਰੇ ਜਾਂ ਵਿਚਾਰੇ!

ਕਰਤੇ ਕੈ ਕਰਣੈ ਨਾਹੀ ਸੁਮਾਰੁ ॥

ਉਸ ਸਿਰਜਣਹਾਰ ਦੁਆਰਾ ਪ੍ਰਗਟ ਕੀਤੀਆਂ ਰਚਨਾਵਾਂ ਦੀ ਵਿਸ਼ਾਲਤਾ ਪ੍ਰਗਟਾਵੇ ਤੋਂ ਪਰੇ ਹੈ।

ਧੌਲੁ ਧਰਮੁ ਦਇਆ ਕਾ ਪੂਤੁ ॥

ਸੱਚਾਈ ਸ਼ਕਤੀਸ਼ਾਲੀ ਸਤਾ ਹੈ ਜੋ ਦਇਆ ਵਿਚੋਂ ਉਪਜਦੀ ਹੈ।

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

ਗੁਣ ਉਨ੍ਹਾਂ ਦੁਆਰਾ ਪੈਦਾ ਹੁੰਦੇ ਹਨ ਜੋ ਕੁਦਰਤ ਦੇ ਨਿਯਮਾਂ ਅਨੁਸਾਰ ਸੰਤੋਖ ਦੇ ਧਾਰਨੀ ਹੁੰਦੇ ਹਨ।

ਜੇ ਕੋ ਬੁਝੈ ਹੋਵੈ ਸਚਿਆਰੁ ॥

ਜੋ ਇਸ ਨਿਯਮ ਨੂੰ ਸਮਝਦੇ ਹਨ, ਉਹ ਸੱਚ ਨੂੰ ਸਮਝਦੇ ਹਨ।

ਧਵਲੈ ਉਪਰਿ ਕੇਤਾ ਭਾਰੁ ॥

ਸੱਚਾਈ ਬੋਝ ਕਿਵੇਂ ਹੋ ਸਕਦੀ ਹੈ?

ਧਰਤੀ ਹੋਰੁ ਪਰੈ ਹੋਰੁ ਹੋਰੁ ॥

ਇਸ ਖੰਡ (ਧਰਤੀ) ਤੋਂ ਇਲਾਵਾ ਹੋਰ ਵੀ ਬਹੁਤ ਹਨ।

ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਉਹ ਕਿਹੜੀ ਸ਼ਕਤੀ ਹੈ ਜੋ ਹੋਂਦ ਨੂੰ ਬੰਨਦੀ ਅਤੇ ਸੰਭਾਲੀ ਰੱਖਦੀ ਹੈ?

ਜੀਅ ਜਾਤਿ ਰੰਗਾ ਕੇ ਨਾਵ ॥

ਕੁਦਰਤ ਵਿੱਚ ਬੇਹਿਸਾਬ ਅਨੇਕਤਾ ਹੈ, ਹਰ ਇੱਕ ਆਪਣੇ ਆਪ ਵਿੱਚ ਵਿਲੱਖਣ ਅਤੇ ਜਾਗ੍ਰਿਤ ਹੈ।

ਸਭਨਾ ਲਿਖਿਆ ਵੁੜੀ ਕਲਾਮ ॥

ਹੋਂਦ ਦਾ ਨਿਰੰਤਰ ਪ੍ਰਵਾਹ ਇੱਕ ਸਰਬ-ਵਿਆਪਕ ਚੇਤਨਾ ਤੋਂ ਉੱਭਰਦਾ ਹੈ, ਜੋ ਕੁਦਰਤ ਦੇ ਨਿਯਮਾਂ ਅਨੁਸਾਰ ਆਪਣੇ ਆਪ ਨੂੰ ਵਿਭਿੰਨ ਰੂਪਾਂ ਵਿੱਚ ਪ੍ਰਗਟ ਕਰਦਾ ਹੈ।

ਏਹੁ ਲੇਖਾ ਲਿਖਿ ਜਾਣੈ ਕੋਇ ॥

ਹੋਂਦ ਦੇ ਵਿਸਥਾਰ ਦਾ ਲੇਖਾ ਕਿਸ ਕੋਲ ਹੈ ਜੋ ਇਸ ਨੂੰ ਲਿਖਣ ਦੇ ਯੋਗ ਹੋਵੇ?

ਲੇਖਾ ਲਿਖਿਆ ਕੇਤਾ ਹੋਇ ॥

ਹੋਂਦ ਦੇ ਇਸ ਵਿਸਥਾਰ ਨੂੰ ਕਿਵੇਂ ਕਲਮਬਧ ਕੀਤਾ ਜਾ ਸਕਦਾ ਹੈ?

ਕੇਤਾ ਤਾਣੁ ਸੁਆਲਿਹੁ ਰੂਪੁ ॥

ਕੁਦਰਤ ਦੇ ਸਾਰੇ ਰੂਪਾਂ 'ਤੇ ਕੀਤੀ ਬਖਸ਼ਿਸ਼ ਸ਼ਲਾਘਾਯੋਗ ਹੈ।

ਕੇਤੀ ਦਾਤਿ ਜਾਣੈ ਕੌਣੁ ਕੂਤੁ ॥

ਸਿਰਜਣਹਾਰ ਦੁਆਰਾ ਬਣਾਈ ਕੁਦਰਤ ਦੀ ਬਹੁਤਾਤ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ।

ਕੀਤਾ ਪਸਾਉ ਏਕੋ ਕਵਾਉ ॥

ਇੱਕ ਇੱਕਲੀ ਹਕੀਕਤ ਦੇ ਹੁਕਮ ਨੇ ਵਿਸ਼ਾਲ ਕੁਦਰਤ ਦੀ ਰਚਨਾ ਕੀਤੀ ਹੈ।

ਤਿਸ ਤੇ ਹੋਏ ਲਖ ਦਰੀਆਉ ॥

ਅਨੇਕਤਾ ਦੀਆਂ ਅਸੀਮਤ ਧਾਰਾਵਾਂ ਇਸ ਇੱਕ ਇੱਕਲੀ ਹਸਤੀ ਦੁਆਰਾ ਵਹਿੰਦੀਆਂ ਹਨ।

ਕੁਦਰਤਿ ਕਵਣ ਕਹਾ ਵੀਚਾਰੁ ॥

ਕੁਦਰਤ ਦੀ ਸ਼ਕਤੀ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ?

ਵਾਰਿਆ ਨ ਜਾਵਾ ਏਕ ਵਾਰ ॥

ਇਸ ਦੀ ਵਿਸ਼ਾਲਤਾ ਨੂੰ ਇੱਕ ਪਲ ਲਈ ਵੀ ਘੇਰਿਆ ਨਹੀਂ ਜਾ ਸਕਦਾ।

ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਜੋ ਵੀ ਕੁਦਰਤ ਦੁਆਰਾ ਨਿਰਧਾਰਤ ਕੀਤਾ ਗਿਆ ਹੈ ਉਹ ਸਰਬਤ ਦੇ ਭਲੇ ਲਈ ਉਮਦਾ ਕਰਮ ਹੈ।

ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਸਰਬ-ਵਿਆਪਕ ਚੇਤਨਾ ਸਦੀਵੀ ਅਤੇ ਨਿਰਾਕਾਰ ਹੈ। (੧੬)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਸ੍ਰਿਸ਼ਟੀ ਦੀ ਏਕਤਾ ਅਤੇ ਸੰਯੁਕਤਤਾ ਨੂੰ ਸਮਝਣ ਲਈ ਪੰਜ ਤੱਤਾਂ, ਪੰਜ ਗਿਆਨ ਇੰਦਰੀਆਂ ਅਤੇ ਪੰਜ ਕੱਜਣਾਂ ਦੀਆਂ ਰੁਕਾਵਟਾਂ ਨੂੰ ਪਾਰ ਕਰਨਾ ਮਨੁੱਖੀ ਹੋਂਦ ਦੀ ਸਰਵਉੱਚਤਾ ਦਾ ਪ੍ਰਤੀਕ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**